# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

## 18:20

**ਮਿਤੀ :13-07-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪੰਜਾਬ ਦੇ, ਗੈਰ ਸਹਾਇਤਾ ਪ੍ਰਾਪਤ ਸਿਖਿਆ ਸੰਸਥਾਵਾਂ ਦੀਆਂ ਫੀਸਾਂ ਦੀ ਨੇਮ੍ਬੱਧੀ ਬਾਰੇ ਤਰ੍ਮੀਮੀ ਆਰਡੀਨੈਂਸ 2026’ ਨੂੰ ਰਾਜਪਾਲ ਦੀ ਮਨਜ਼ੂਰੀ ਮਿਲੀ. ਨਵਾਂ ਕਾਨੂੰਨ ਅੱਜ ਤੋਂ ਹੀ ਲਾਗੂ.

- ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਵਲੋਂ ਗਠਿਤ ਵਿਸ਼ੇਸ਼ ਜਾਂਚ ਟੀਮ (SIT) ਨੂੰ ਅਯੁੱਧਿਆ ਰਾਮ ਮੰਦਰ ਵਿੱਚ ਦਾਨ ਦੇ ਕਥਿਤ ਗਬਨ ਦੀ ਜਾਂਚ 'ਤੇ ਦਰਜਾ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ।

- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੁਹਾਲੀ ਵਿਖੇ ਵਣ ਵਿਭਾਗ ਦੇ 516 ਕੱਚੇ ਵਰਕਰਾਂ ਅਤੇ ਡਰਾਈਵਰਾਂ ਨੂੰ ਪੱਕਾ ਕਰਨ ਦੇ ਨਿਯੁਕਤੀ ਪੱਤਰ ਸੌਂਪੇ।

- ਪਟਿਆਲਾ ਪੁਲਿਸ ਵਲੋਂ 15 ਪਿਸਤੌਲਾਂ ਅਤੇ 30 ਕਾਰਤੂਸਾਂ ਸਮੇਤ ਚਾਰ ਨੌਜੁਆਨ ਗਿਰਫਤਾਰ.

- ਔਰਤਾਂ ਦੇ ਕ੍ਰਿਕੇਟ ਵਿੱਚ, ਭਾਰਤੀ ਟੀਮ ਨੇ ਇਤਿਹਾਸ ਰਚਿਆ . LORDS ਵਿਖੇ ਖੇਡੇ ਗਏ ਇਕੋ-ਇੱਕ ਟੈਸਟ ਮੈਚ ਵਿੱਚ, ਮੇਜ਼ਬਾਨ ਇੰਗਲੈਂਡ ਨੂੰ 270 ਦੌੜਾਂ ਨਾਲ ਹਰਾ ਕੇ ਜਿੱਤ ਆਪਣੇ ਨਾਂ ਕੀਤੀ।

***ਹੁਣ ਖਬਰਾਂ ਵਿਸਥਾਰ ਨਾਲ***

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੰਜਾਬ ਦੇ ਗੈਰ ਸਹਾਇਤਾ ਪ੍ਰਾਪਤ ਸਿਖਿਆ ਸੰਸਥਾਵਾਂ ਦੀਆਂ ਫੀਸਾਂ ਦੀ ਨੇਮ੍ਬੱਧੀ ਬਾਰੇ ਤਰ੍ਮੀਮੀ ਆਰਡੀਨੈਂਸ 2026’ ਨੂੰ ਆਪਣੀ ਸਹਿਮਤੀ ਦੇ ਦਿੱਤੀ ਏ. ਇਸ ਨਾਲ ਸੂਬੇ ਦੇ ਸਾਰੇ ਪ੍ਰਾਈਵੇਟ ਸਕੂਲਾਂ ਵਲੋਂ ਫੀਸਾਂ ਦੀ ਸਖ਼ਤ ਨੇਮਬੰਧੀ ਲਈ ਰਾਹ ਪੱਧਰਾ ਹੋਏਗਾ। ਨਵੇਂ ਕਾਨੂੰਨੀ ਪ੍ਰਬੰਧ ਤਹਿਤ, ਪ੍ਰਾਈਵੇਟ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਨੂੰ ਸਮਰੱਥ ਅਧਿਕਾਰੀ ਦੀ ਅਗਾਂਹੂ ਪ੍ਰਵਾਨਗੀ ਤੋਂ ਬਿਨਾਂ ਇੱਕ ਅਕਾਦਮਿਕ ਸਾਲ ਵਿੱਚ ਸਾਲਾਨਾ

ਫੀਸਾਂ ਅਤੇ ਸੰਬੰਧਿਤ ਖਰਚਿਆਂ ਵਿੱਚ ਪੰਜ ਫੀਸਦੀ ਤੋਂ ਵੱਧ ਦਾ ਵਾਧਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਇਹ ਮਾਪਿਆਂ ਨੂੰ ਉਚੀਆਂ ਫੀਸਾਂ ਦੇ ਢਾਂਚੇ ਤੋਂ ਰਾਹਤ ਦੇਵੇਗਾ। ਨਵਾਂ ਕਾਨੂੰਨ ਅੱਜ ਤੋਂ ਹੀ ਲਾਗੂ ਹੋ ਜਾਵੇਗਾ । ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਚੰਡੀਗੜ੍ਹ ਵਿੱਚ ਇੱਕ ਪ੍ਰੈਸ ਕਾਨਫਰੰਸ ਵਿੱਚ ਇਸਦਾ ਐਲਾਨ ਕਰਦੇ ਹੋਏ ਕਿਹਾ ਕਿ ਸੂਬਾ ਸਰਕਾਰ ਸਿੱਖਿਆ ਨੂੰ ਵਪਾਰਕ ਉੱਦਮ ਜਾਂ "ਵਿਦਿਆ ਮਾਫੀਆ" ਵਿੱਚ ਬਦਲਣ ਨਹੀਂ ਦਏਗੀ. ਉਨ੍ਹਾਂ ਕਿਹਾ ਕਿ ਕੋਈ ਵੀ ਪ੍ਰਾਈਵੇਟ ਸਕੂਲ ਜਿਸਨੇ ਪਿਛਲੇ ਤਿੰਨ ਸਾਲਾਂ ਵਿੱਚ ਫੀਸਾਂ ਵਿੱਚ 15 ਫੀਸਦੀ ਤੋਂ ਵੱਧ ਦਾ ਵਾਧਾ ਕੀਤਾ ਏ, ਉਸਨੂੰ ਇਹਨਾਂ ਰਕਮਾਂ ਨੂੰ ਮਾਪਿਆਂ ਨੂੰ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਵਾਪਸ ਕਰਨਾ ਪਵੇਗਾ। ਸਕੂਲਾਂ ਨੂੰ ਅਗਲੀਆਂ ਫੀਸਾਂ ਵਿੱਚ ਬਕਾਇਆ ਰਕਮ ਐਡਜਸਟ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਜਿਹੜੇ ਸਕੂਲ ਕਾਨੂੰਨ ਦੀ ਉਲੰਘਣਾ ਕਰਨਗੇ ਓਹਨਾਂ ਨੂੰ ਨਤੀਜੇ ਭੁਗਤਣੇ ਪੈਣਗੇ –

byte

ਉਨ੍ਹਾਂ ਕਿਹਾ ਕਿ ਸੂਬੇ ਵਿੱਚ 7 ਹਜ਼ਾਰ 800 ਪ੍ਰਾਈਵੇਟ ਸਕੂਲ ਨੇ ਜਿਨ੍ਹਾਂ ਵਿੱਚ 32 ਲੱਖ ਵਿਦਿਆਰਥੀ ਪੜ੍ਹ ਰਹੇ ਨੇ. ਉਨ੍ਹਾਂ ਇਹ ਵੀ ਕਿਹਾ ਕਿ ਇਸ ਆਰਡੀਨੈਂਸ ਨੂੰ ਲਾਗੂ ਕਰਨ ਅਤੇ ਵਾਧੂ ਫੀਸ ਲਈ ਨੇਮਾਂ ਬਾਰੇ ਵੇਰਵੇ ਸੰਬੰਧਿਤ ਵੈੱਬਸਾਈਟ 'ਤੇ ਅਪਲੋਡ ਕੀਤੇ ਜਾਣਗੇ।

---

ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਵਲੋਂ ਗਠਿਤ ਵਿਸ਼ੇਸ਼ ਜਾਂਚ ਟੀਮ (SIT) ਨੂੰ ਅਯੁੱਧਿਆ ਰਾਮ ਮੰਦਰ ਵਿੱਚ ਦਾਨ ਦੇ ਕਥਿਤ ਗਬਨ ਦੀ ਜਾਂਚ 'ਤੇ ਦਰਜਾ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਨੇ । ਅਦਾਲਤ ਨੇ ਇਸ ਮਾਮਲੇ ਦੀ CBI ਜਾਂਚ ਦੀ ਮੰਗ ਕਰਨ ਵਾਲੀਆਂ ਪਟੀਸ਼ਨਾਂ 'ਤੇ ਕੇਂਦਰ ਸਰਕਾਰ, ਉੱਤਰ ਪ੍ਰਦੇਸ਼ ਸਰਕਾਰ ਅਤੇ ਸ਼੍ਰੀ ਰਾਮ ਜਨਮ ਭੂਮੀ ਤੀਰਥ SHETRA ਟਰੱਸਟ ਨੂੰ ਨੋਟਿਸ ਜਾਰੀ ਕੀਤੇ। ਚੀਫ਼ ਜਸਟਿਸ ਸੂਰਿਆ ਕਾਂਤ, ਜਸਟਿਸ ਜੋਏ ਮਾਲਿਆ ਬਾਗਚੀ ਅਤੇ ਵੀ. ਮੋਹਨ ਦੀ ਬੈਂਚ ਨੇ ਪਟੀਸ਼ਨਾਂ 'ਤੇ ਸੁਣਵਾਈ ਕੀਤੀ. SIT ਦਾ ਗਠਨ ਪਹਿਲਾਂ 13 ਜੂਨ ਨੂੰ ਕੀਤਾ ਗਿਆ ਸੀ ।

---

ਉਪ-ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ ਨੂੰ ਅੱਜ ਉਪ-ਰਾਸ਼ਟਰਪਤੀ ਭਵਨ ਵਿਖੇ ਰੱਖਿਆ ਰਾਜ ਮੰਤਰੀ ਸੰਜੇ ਸੇਠ ਨੇ ਨੈਸ਼ਨਲ ਕੈਡੇਟ ਕੋਰ NCC ਅਤੇ ਸੈਨਿਕ ਸਕੂਲਾਂ ਬਾਰੇ ਜਾਣਕਾਰੀ ਦਿੱਤੀ। ਰਾਸ਼ਟਰ ਨਿਰਮਾਣ ਵਿੱਚ ਐਨ.ਸੀ.ਸੀ. ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ, ਉਪ-ਰਾਸ਼ਟਰਪਤੀ ਨੇ ਏਕ ਭਾਰਤ ਸ਼੍ਰੇਸ਼ਠ ਭਾਰਤ ਅਧੀਨ ਕੈਡੇਟ ਵਟਾਂਦਰਾ ਪ੍ਰੋਗਰਾਮ ਨੂੰ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰਨ ਲਈ ਇੱਕ ਸ਼ਾਨਦਾਰ

ਪਹਿਲਕਦਮੀ ਦੱਸਿਆ। ਉਨ੍ਹਾਂ ਨੇ ਐਨ.ਸੀ.ਸੀ. ਦੇ ਸਮਾਜ ਸੇਵਾ ਪਹਿਲਕਦਮੀਆਂ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਵਿੱਚ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਸਵੱਛ ਭਾਰਤ ਅਭਿਆਨ ਸ਼ਾਮਲ ਨੇ. ਉਪ-ਰਾਸ਼ਟਰਪਤੀ ਨੇ ਐਨ.ਸੀ.ਸੀ. ਐਲੂਮਨੀ ਐਸੋਸੀਏਸ਼ਨ ਦੀ ਸਥਾਪਨਾ ਦਾ ਵੀ ਸਵਾਗਤ ਕੀਤਾ।

---------------------------------------------------------------

ਪੰਜਾਬ ਸਰਕਾਰ ਨੇ ਅੱਜ ਮੁਹਾਲੀ ਵਿਖੇ ਵਣ ਵਿਭਾਗ ਦੇ 516 ਕੱਚੇ ਵਰਕਰਾਂ ਅਤੇ ਡਰਾਈਵਰਾਂ ਨੂੰ ਪੱਕਾ ਕਰਨ ਦੇ ਨਿਯੁਕਤੀ ਪੱਤਰ ਸੌਂਪੇ। ਕੱਚੇ ਮੁਲਾਜਮਾਂ ਨੂੰ ਪੱਕੇ ਕੀਤੇ ਜਾਣ ਲਈ ਮੁਹਾਲੀ ਵਿਖੇ ਹੋਏ ਨਿਯੁਕਤੀ ਪੱਤਰ ਵੰਡ ਸਮਾਗਮ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ. ਓਹਨਾਂ 516 ਡਰਾਈਵਰਾਂ ਅਤੇ ਕੱਚੇ ਵਰਕਰਾਂ ਨੂੰ ਪੱਕਾ ਕਰਨ ਲਈ ਨਿਯੁਕਤੀ ਪੱਤਰ ਸੌਂਪੇ। ਉਹਨਾਂ ਨਾਲ ਵਣ ਵਿਭਾਗ ਦੇ ਮੰਤਰੀ ਲਾਲ਼ ਚੰਦ ਕਟਾਰੁਚਕ ਅਤੇ ਮੁੱਖ ਵਣਪਾਲ ਧਰਮੇਂਦਰ ਸ਼ਰਮਾ ਵੀ ਨਾਲ ਹਾਜ਼ਿਰ ਸਨ। ਮੁੱਖ ਮੰਤਰੀ ਮਾਨ ਨੇ ਆਪਣੇ ਸੰਬੋਧਨ ਚ ਨਵੇਂ ਨਿਯੁਕਤ ਹੋਣ ਵਾਲਿਆਂ ਨੂੰ ਵਧਾਈ ਦਿੱਤੀ. ਓਹਨਾਂ ਇਹ ਵੀ ਦੱਸਿਆ ਕਿ ਵਣ ਵਿਭਾਗ ਵੱਲੋਂ ਇਸ

ਸਾਲ ਗੁਰੂ ਰਵਿਦਾਸ ਜੀ ਦੇ 650 ਵੇਂ ਪ੍ਰਕਾਸ਼ ਪੁਰਬ ਮੌਕੇ ਸਮੁੱਚੇ ਪੰਜਾਬ ਚ ਸਾਢੇ 6 ਲੱਖ ਬੂਟੇ ਲਗਾਉਣ ਦਾ ਟੀਚਾ ਮਿੱਥਿਆ ਗਿਆ ਏ।

--------------------------------------------------------

ਪਟਿਆਲਾ ਪੁਲਿਸ ਨੇ ਚਾਰ ਨੌਜੁਆਨਾਂ ਨੂੰ 15 ਪਿਸਤੌਲਾਂ ਅਤੇ 30 ਕਾਰਤੂਸਾਂ ਸਮੇਤ ਗਿਰਫਤਾਰ ਕੀਤਾ ਏ. ਇਹ ਸਾਰੇ ਅੰਤਰਰਾਜੀ ਤਸਕਰੀ ਗਿਰੋਹ ਦੇ ਮੈਂਬਰ ਨੇ. ਪੁਲਿਸ ਹਲਕਿਆਂ ਨੇ ਦਸਿਆ ਕਿ ਇਹਨਾਂ 'ਚੋ 2 ਹੁਸ਼ਿਆਰਪੁਰ, ਇੱਕ ਜਲੰਧਰ ਅਤੇ ਇੱਕ ਉੱਤਰ ਪ੍ਰਦੇਸ਼ ਦਾ ਰਹਿਣ ਵਾਲਾ ਏ. ਇਹ ਮਧ ਪ੍ਰਦੇਸ਼ ਤੋਂ ਬਸ ਅਤੇ ਰੇਲ ਰਾਹੀਂ ਨਜਾਇਜ਼ ਅਸਲਾ ਸਸਤੇ ਦਾਮਾਂ 'ਤੇ ਖਰੀਦ ਕੇ ਅਪਰਾਧੀਆਂ ਨੂੰ ਮਹਿੰਗੇ ਭਾਅ ਵੇਚ ਕੇ ਮੁਨਾਫਾ ਕਮਾਉਂਦੇ ਸਨ. ਪੁਲਿਸ ਨੇ ਕੇਸ ਦਰਜ ਕਰ ਲਿਆ ਏ ਤੇ ਅਗਲੇਰੀ ਜਾਂਚ ਜਾਰੀ ਏ.

--------------------------------------------------------

ਭਾਰਤ ਸਰਕਾਰ ਦੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ (MSME) ਮੰਤਰਾਲੇ ਅਧੀਨ ਨੈਸ਼ਨਲ ਐਸ.ਸੀ.-ਐਸ.ਟੀ. ਹੱਬ, ਲੁਧਿਆਣਾ, ਪੀ.ਐਚ.ਡੀ. ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਪੰਜਾਬ ਦੇ ਸਹਿਯੋਗ ਨਾਲ, 15 ਜੁਲਾਈ, ਦਿਨ (ਬੁੱਧਵਾਰ) ਨੂੰ ਪਟਿਆਲਾ ਵਿਖੇ ਮੌਜੂਦਾ ਅਤੇ ਚਾਹਵਾਨ ਪੱਟੀਦਰਜ ਜਾਤਾਂ ਐਸ.ਸੀ.-ਅਤੇ ਪੱਟੀ ਦਰਜ

ਕਬੀਲਿਆਂ ਐਸ.ਟੀ. ਭਾਈਚਾਰੇ ਦੇ ਉੱਦਮੀਆਂ ਲਈ ਇੱਕ "ਉੱਦਮੀ ਜਾਗਰੂਕਤਾ ਅਤੇ ਵਿਸ਼ੇਸ਼ ਵਿਕਰੇਤਾ ਵਿਕਾਸ ਪ੍ਰੋਗਰਾਮ" ਕਰ ਰਿਹਾ ਏ | ਇਸ ਪ੍ਰੋਗਰਾਮ ਦਾ ਉਦੇਸ਼ ਸਵੈ-ਰੁਜ਼ਗਾਰ ਤੇ ਉੱਦਮਸ਼ੀਲਤਾ ਨੂੰ ਉਤਸ਼ਾਹਿਤ ਕਰਨਾ, ਵਪਾਰਕ ਮੌਕਿਆਂ ਨੂੰ ਵਧਾਉਣਾ ਅਤੇ ਐੱਸ.ਸੀ.-ਐੱਸ.ਟੀ. ਭਾਈਚਾਰੇ ਦੇ ਮੈਂਬਰਾਂ ਵਿੱਚ ਹੁਨਰ ਵਿਕਾਸ ਨੂੰ ਉਤਸ਼ਾਹਿਤ ਕਰਨਾ ਏ। ਇਹ ਪਹਿਲਕਦਮੀ ਉੱਦਮੀਆਂ ਲਈ ਉਪਲਬਧ ਵੱਖ-ਵੱਖ ਸਰਕਾਰੀ ਸਕੀਮਾਂ, ਮਾਲੀ ਸਹਾਇਤਾ ਵਿਧੀਆਂ ਅਤੇ ਕਾਰੋਬਾਰ ਵਿਕਾਸ ਰਣਨੀਤੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਤਿਆਰ ਕੀਤੀ ਗਈ ਏ। ਪ੍ਰੋਗਰਾਮ ਵਿੱਚ ਵੱਖ-ਵੱਖ ਸਰਕਾਰੀ ਵਿਭਾਗਾਂ, ਜਨਤਕ ਖੇਤਰ ਦੇ ਅਦਾਰਿਆਂ, ਮਾਲੀ ਅਤੇ ਸਿਖਲਾਈ ਸੰਸਥਾਵਾਂ ਦੇ ਮਾਹਿਰ ਅਤੇ ਨੁਮਾਇੰਦੇ ਸ਼ਾਮਲ ਹੋਣਗੇ, ਜੋ ਉੱਦਮਸ਼ੀਲਤਾ ਅਤੇ ਵਿਕਰੇਤਾ ਵਿਕਾਸ ਬਾਰੇ ਮਾਰਗਦਰਸ਼ਨ ਕਰਨਗੇ ਅਤੇ ਕੀਮਤੀ ਜਾਣਕਾਰੀ ਸਾਂਝੀ ਕਰਨਗੇ।

---------------------------------------------------

ਵੋਟਰ ਸੂਚੀਆ ਦੀ ਚਲ ਰਹੀ ਵਿਸ਼ੇਸ਼ ਗਹਿਨ ਸੋਧ (ਐਸ.ਆਈ.ਆਰ.) ਦੀ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਉਣ ਲਈ ਵੋਟਰਾਂ ਦੀ ਸਹੂਲਤ ਵਾਸਤੇ ਪੰਜਾਬ ਸਰਕਾਰ ਵੱਲੋਂ 30 ਸਤੰਬਰ ਤੱਕ ਕਈ ਪ੍ਰਮੱਖ ਨਾਗਰਿਕ

ਸੇਵਾਵਾਂ ਲਈ ਸਰਕਾਰੀ ਫ਼ੀਸਾਂ ਅਤੇ ਸਹੂਲਤ ਖਰਚੇ ਮਾਫ਼ ਕਰ ਦਿੱਤੇ ਗਏ ਨੇ.ਫਤਿਹਗੜ੍ਹ ਸਾਹਿਬ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਡਾ. ਸੋਨਾ ਥਿੰਦ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਫੈਸਲੇ ਦਾ ਉਦੇਸ਼ ਨਾਗਰਿਕਾਂ ਨੂੰ ਲੋੜੀਂਦੇ ਦਸਤਾਵੇਜ਼ ਬਿਨ੍ਹਾਂ ਕਿਸੇ ਮਾਲੀ ਬੋਝ ਦੇ ਪ੍ਰਾਪਤ ਕਰਵਾਉਣਾ ਅਤੇ ਐਸ.ਆਈ.ਆਰ ਦੀ ਪ੍ਰਕਿਰਿਆ ਨੂੰ ਨਿਰਧਾਰਤ ਸਮੇਂ ਅੰਦਰ ਨਿਰਵਿਘਨ ਢੰਗ ਨਾਲ ਮੁਕੰਮਲ ਕਰਨਾ ਏ। ਓਹਨਾਂ ਦੱਸਿਆ ਕਿ ਇਸ ਛੋਟ ਦੇ ਦਾਇਰੇ ਵਿੱਚ ਜਾਤਿ, ਰਿਹਾਇਸ ਤੇ ਜਨਮ ਸਰਟੀਫਿਕੇਟ ਅਤੇ ਦਸਵੀਂ ਅਤੇ ਬਾਰਵ੍ਹੀਂ ਜਮਾਤ ਦੇ ਡੁਪਲੀਕੇਟ ਸਰਟੀਫਿਕੇਟ ਜਾਰੀ ਕਰਨ ਵਰਗੀਆਂ ਪ੍ਰਮੁੱਖ ਸੇਵਾਵਾਂ ਸ਼ਮਿਲ ਨੇ . ਇਹ ਸਹੂਲਤ ਸੇਵਾ ਕੇਂਦਰਾਂ, ਘਰਾਂ ਦੇ ਨੇੜੇ ਸੇਵਾਵਾਂ ਅਤੇ ਆਨਲਾਈਨ ਨਾਗਰਿਕ ਸੇਵਾਵਾਂ ਪੋਰਟਲ ਰਾਹੀ 30 ਸਤੰਬਰ 2026 ਤੱਕ ਉਪਲੱਬਧ ਰਹੇਗੀ।

---

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਕੋਟਕਪੂਰਾ ਵਿਖੇ ਬਰਸਾਤੀ ਮੌਸਮ ਦੌਰਾਨ ਸ਼ਹਿਰ ਵਿੱਚ ਪਾਣੀ ਦੀ ਨਿਕਾਸੀ ਨੂੰ ਸੁਚਾਰੂ ਬਣਾਈ ਰੱਖਣ ਅਤੇ ਚੱਲ ਰਹੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ

ਨਾਲ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਵਿੱਚ ਰਾਸ਼ਟਰੀ ਸ਼ਾਹਰਾਹ ਅਥਾਰਟੀ, ਪੰਜਾਬ ਜਲ ਸਪਲਾਈ ਅਤੇ ਸੀਵਰੇਜ ਬੋਰਡ, ਸਥਾਨਕ ਸਰਕਾਰਾਂ ਵਿਭਾਗ, ਨਗਰ ਕੌਂਸਲ ਕੋਟਕਪੂਰਾ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ, ਸੀਨੀਅਰ ਵਾਈਸ ਪ੍ਰਧਾਨ ਅਤੇ ਕੌਂਸਲਰਾਂ ਨੇ ਵੀ ਸ਼ਮੂਲੀਅਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼੍ਰੀ ਸੰਧਵਾਂ ਨੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਨਾਲਿਆਂ ਦੀ ਸਫ਼ਾਈ, ਸੀਵਰੇਜ ਲਾਈਨਾਂ ਦੀ ਸਫ਼ਾਈ, ਬਰਸਾਤੀ ਪਾਣੀ ਦੀ ਨਿਕਾਸੀ ਅਤੇ ਹੋਰ ਬੁਨਿਆਦੀ ਸਹੂਲਤਾਂ ਨਾਲ ਸਬੰਧਿਤ  ਕੰਮਾਂ ਦਾ ਜਾਇਜ਼ਾ ਲਿਆ |

---------------------------------------------------------

ਨੌਜੁਆਨ ਮਾਮਲਿਆਂ ਅਤੇ ਖੇਡਾਂ ਬਾਰੇ ਮੰਤਰਾਲੇ ਨੇ ਮੇਰਾ ਯੁਵਾ ਭਾਰਤ ਰਾਹੀਂ ਦੇਸ਼ ਵਿਆਪੀ "ਨਸ਼ਾ ਮੁਕਤ ਯੁਵਾ ਵਿਕਾਸਿਤ ਭਾਰਤ" ਮੁਹਿੰਮ ਦਾ ਅਗਲਾ ਪੜਾਅ ਸ਼ੁਰੂ ਕੀਤਾ ਏ । ਇਸ ਪਹਿਲਕਦਮੀ ਤਹਿਤ, ਮੁਕਾਬਲੇ ਤਿੰਨ ਪੜਾਵਾਂ ਵਿੱਚ ਕਰਾਏ ਜਾਣਗੇ। ਮਾਈ ਭਾਰਤ ਪੋਰਟਲ 'ਤੇ ਰਜਿਸਟ੍ਰੇਸ਼ਨ ਅੱਜ ਤੋਂ ਸ਼ੁਰੂ ਹੋ ਰਹੀ ਏ । ਜ਼ਿਲ੍ਹਾ ਪੱਧਰੀ ਮੁਕਾਬਲੇ 24 ਜੁਲਾਈ ਤੋਂ 27 ਜੁਲਾਈ ਤੱਕ ਕਰਾਏ ਜਾਣਗੇ।

---------------------------------------------------------

ਪੰਜਾਬ ‘ਚ ਅੱਜ ਕਿਧਰੇ ਕਿਧਰੇ ਮੀਂਹ ਪਿਆ. ਮੌਸਮ ਵਿਭਾਗ ਨੇ ਅੱਜ ਅਤੇ ਭਲਕੇ ਲਈ ਵੀ ਹਲਕੀ ਤੋਂ ਦਰਮਿਆਨੀ ਬਾਰਿਸ਼ ਹੋਣ ਦੀ ਪੇਸ਼ੀਨਗੋਈ ਕੀਤੀ ਏ. ਇਸ ਦੌਰਾਨ ਪਿਛਲੇ 24 ਘੰਟਿਆਂ ‘ਚ ਪੰਜਾਬ ਦੇ ਬਠਿੰਡਾ ’ਚ  ਵਧ ਤੋਂ ਵਧ ਤਾਪਮਾਨ 39.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ. ਹਰਿਆਣਾ ਦੇ  ਰੋਹਤਕ  ਵਿਚ ਵਧ ਤੋਂ ਵਧ ਤਾਪਮਾਨ 40.1 ਡਿਗਰੀ ਸੈਲਸੀਅਸ ਰਿਹਾ. ਚੰਡੀਗੜ੍ਹ ਵਿੱਚ ਵਧ ਤੋਂ ਵਧ ਤਾਪਮਾਨ 36.1 ਡਿਗਰੀ ਸੈਲਸੀਅਸ ਸੀ.

--------------------------------------------------------

ਔਰਤਾਂ ਦੇ ਕ੍ਰਿਕੇਟ ਵਿੱਚ, ਹਰਮਨਪ੍ਰੀਤ ਕੌਰ ਦੀ ਅਗਵਾਈ ਵਾਲੀ ਭਾਰਤੀ ਟੀਮ ਨੇ ਅੱਜ LORDS ਵਿਖੇ ਖੇਡੇ ਗਏ ਇਕੋ-ਇੱਕ ਟੈਸਟ ਮੈਚ ਵਿੱਚ, ਮੇਜ਼ਬਾਨ ਇੰਗਲੈਂਡ ਨੂੰ 270 ਦੌੜਾਂ ਨਾਲ ਹਰਾ ਕੇ, ਇਤਿਹਾਸਕ ਜਿੱਤ ਹਾਸਿਲ ਕੀਤੀ ਏ। ਭਾਰਤ ਵੱਲੋਂ ਦਿੱਤੇ ਗਏ 457 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ, ਮੇਜ਼ਬਾਨ ਟੀਮ ਚੌਥੇ ਦਿਨ ਦੁਪਹਿਰ ਦੇ ਖਾਣੇ ਤੋਂ ਪਹਿਲਾਂ ਆਪਣੀ ਦੂਜੀ ਪਾਰੀ ਵਿੱਚ, 186 ਦੌੜਾਂ ਬਣਾ ਕੇ ਆਊਟ ਹੋ ਗਈ। ਇਸ ਤੋਂ ਪਹਿਲਾਂ ਭਾਰਤ ਨੇ ਕੱਲ੍ਹ ਆਪਣੀ ਦੂਜੀ ਪਾਰੀ 7 ਵਿਕਟਾਂ ਦੇ ਨੁਕਸਾਨ ਨਾਲ  341 ਦੌੜਾਂ 'ਤੇ ਖਤਮ ਕੀਤੀ ਸੀ , ਜਿਸ ਨਾਲ ਇੰਗਲੈਂਡ ਨੂੰ 457 ਦੌੜਾਂ ਦਾ ਟੀਚਾ ਮਿਲਿਆ। ਵਿਕਟਕੀਪਰ-ਬੱਲੇਬਾਜ਼

ਯਾਸਤਿਕਾ ਭਾਟੀਆ ਲਾਰਡਜ਼ ਦੇ ਮੈਦਾਨ 'ਤੇ ਟੈਸਟ ਸੈਂਕੜਾ ਬਣਾਉਣ ਵਾਲੀ ਪਹਿਲੀ ਔਰਤ ਕ੍ਰਿਕੇਟ ਖਿਡਾਰਣ  ਬਣ ਗਈ ਏ। ਭਾਰਤ ਨੇ ਆਪਣੀ ਪਹਿਲੀ ਪਾਰੀ ਵਿੱਚ 285 ਦੌੜਾਂ ਬਣਾਈਆਂ ਸਨ, ਜਦੋਂ ਕਿ ਇੰਗਲੈਂਡ ਦੀ ਟੀਮ 170 ਦੌੜਾਂ 'ਤੇ ਆਊਟ ਹੋ ਗਈ ਸੀ।

---------------------------------------------------

- ਪੰਜਾਬ ਦੇ, ਗੈਰ ਸਹਾਇਤਾ ਪ੍ਰਾਪਤ ਸਿਖਿਆ ਸੰਸਥਾਵਾਂ ਦੀਆਂ ਫੀਸਾਂ ਦੀ ਨੇਮ੍ਬਧੀ ਬਾਰੇ ਤਰ੍ਮੀਮੀ ਆਰਡੀਨੈਂਸ 2026’ ਨੂੰ ਰਾਜਪਾਲ ਦੀ ਮਨਜ਼ੂਰੀ ਮਿਲੀ. ਨਵਾਂ ਕਾਨੂੰਨ ਅੱਜ ਤੋਂ ਹੀ ਲਾਗੂ.

- ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਸਰਕਾਰ ਵਲੋਂ ਗਠਿਤ ਵਿਸ਼ੇਸ਼ ਜਾਂਚ ਟੀਮ (SIT) ਨੂੰ ਅਯੁੱਧਿਆ ਰਾਮ ਮੰਦਰ ਵਿੱਚ ਦਾਨ ਦੇ ਕਥਿਤ ਗਬਨ ਦੀ ਜਾਂਚ 'ਤੇ ਦਰਜਾ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ।

- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੁਹਾਲੀ ਵਿਖੇ ਵਣ ਵਿਭਾਗ ਦੇ 516 ਕੱਚੇ ਵਰਕਰਾਂ ਅਤੇ ਡਰਾਈਵਰਾਂ ਨੂੰ ਪੱਕਾ ਕਰਨ ਦੇ ਨਿਯੁਕਤੀ ਪੱਤਰ ਸੌਂਪੇ।

- ਪਟਿਆਲਾ ਪੁਲਿਸ ਵਲੋਂ 15 ਪਿਸਤੌਲਾਂ ਅਤੇ 30 ਕਾਰਤੂਸਾਂ ਸਮੇਤ ਚਾਰ ਨੌਜੁਆਨ ਗਿਰਫਤਾਰ.

- ਔਰਤਾਂ ਦੇ ਕ੍ਰਿਕੇਟ ਵਿੱਚ, ਭਾਰਤੀ ਟੀਮ ਨੇ ਇਤਿਹਾਸ ਰਚਿਆ . LORDS ਵਿਖੇ ਖੇਡੇ ਗਏ ਇਕੋ-ਇੱਕ ਟੈਸਟ ਮੈਚ ਵਿੱਚ, ਮੇਜ਼ਬਾਨ ਇੰਗਲੈਂਡ ਨੂੰ 270 ਦੌੜਾਂ ਨਾਲ ਹਰਾ ਕੇ ਜਿੱਤ ਆਪਣੇ ਨਾਂ ਕੀਤੀ।

---

**ਇਸਦੇ ਨਾਲ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**